ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੇਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
CONTACT RAJ : 021874730, 021874702, 0800 253 2687
www.redcleaning.co.nz

05 April 2019 Daily, editornztasveer@gmail.com designnztasveer@gmail.com Ph/Fax: 09 390 4644 FREE

ਕ੍ਰਾਈਸਟ ਚਰਚ ਕਤਲੇਆਮ ਦੇ ਦੋਸ਼ੀ ਤੇ ਚੱਲੇਗਾ 50 ਲੋਕਾਂ ਦੇ ਕਤਲ ਦਾ ਕੇਸ

ਕ੍ਰਾਈਸਟਚਰਚ (ਐੱਨ ਜੈੱਡ ਤਸਵੀਰ ਬਿਊਰੋ)— ਕ੍ਰਾਈਸਟਚਰਚ 'ਚ ਦੋ ਮਸਜਿਦਾਂ 'ਤੇ ਹਮਲਾ ਕਰਨ ਵਾਲੇ ਦੋਸ਼ੀ 'ਤੇ 50 ਲੋਕਾਂ ਦਾ ਕਤਲ ਕਰਨ ਦਾ ਕੇਸ ਚੱਲੇਗਾ। ਇਸ ਹਫਤੇ ਉਸ ਨੂੰ ਅਦਾਲਤ 'ਚ ਫਿਰ ਪੇਸ਼ ਕੀਤਾ ਜਾਵੇਗਾ। ਨਿਊਜ਼ੀਲੈਂਡ ਪੁਲਸ ਨੇ ਦੱਸਿਆ ਕਿ ਹਮਲਾਵਰ ਬ੍ਰੈਂਟਨ ਟਾਰੇਂਟ 'ਤੇ ਕਤਲ ਦਾ ਇਕ ਹੋਰ ਦੋਸ਼ ਲੱਗਾ ਸੀ ਪਰ ਪੁਲਸ ਨੇ ਕਿਹਾ ਕਿ ਸ਼ੁੱਕਰਵਾਰ ਨੂੰ ਹੋਣ ਵਾਲੀ ਪੇਸ਼ੀ 'ਚ ਹਮਲੇ ਦੇ 'ਚ ਮਾਰੇ ਗਏ ਸਾਰੇ ਲੋਕਾਂ ਅਤੇ ਜ਼ਖਮੀਆਂ ਦੇ ਸਬੰਧ 'ਚ ਵੀ ਉਸ 'ਤੇ ਦੋਸ਼ ਤੈਅ ਕੀਤੇ ਜਾਣਗੇ।

ਉਸ ਨੇ ਕਿਹਾ,''ਕ੍ਰਾਈਸਟ ਚਰਚ ਅੱਤਵਾਦੀ ਹਮਲੇ ਦੇ ਦੋਸ਼ 'ਚ ਹਿਰਾਸਤ ਲਏ ਗਏ ਦੋਸ਼ੀ ਨੂੰ ਸ਼ੁੱਕਰਵਾਰ ਨੂੰ ਜਦ ਕ੍ਰਾਈਸਟ ਚਰਚ ਦੀ ਅਦਾਲਤ 'ਚ ਪੇਸ਼ ਕੀਤਾ ਜਾਵੇਗਾ ਤਦ ਉਸ 'ਤੇ 50 ਲੋਕਾਂ ਦੇ ਕਤਲ ਅਤੇ 39 ਲੋਕਾਂ ਦਾ ਕਤਲ ਕਰਨ ਦੀ ਕੋਸ਼ਿਸ਼ ਦਾ ਮਾਮਲਾ ਦਰਜ ਕੀਤਾ ਜਾਵੇਗਾ। ਪੁਲਸ ਨੇ ਕਿਹਾ ਕਿ ਟਾਰੇਂਟ 'ਤੇ ਹੋਰ ਦੋਸ਼ ਲਗਾਉਣ 'ਤੇ ਵੀ ਵਿਚਾਰ ਕੀਤਾ ਜਾਵੇਗਾ ਪਰ ਉਨ੍ਹਾਂ ਨੇ ਇਸ 'ਤੇ ਖੁੱਲ੍ਹ ਕੇ ਕੋਈ ਜਾਣਕਾਰੀ ਨਹੀਂ ਦਿੱਤੀ। ਟਾਰੇਂਟ ਨੂੰ ਇਸ ਮਾਮਲੇ 'ਚ ਪਹਿਲੀ ਵਾਰ 16 ਮਾਰਚ ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਆਸਟ੍ਰੇਲੀਆ ਮੂਲ ਦੇ 28 ਸਾਲਾ ਬ੍ਰੈਂਟਨ ਟਾਰੇਂਟ ਨੇ 15 ਮਾਰਚ ਨੂੰ ਮੱਧ ਕ੍ਰਾਈਸਟਚਰਚ 'ਚ ਅਲ ਨੂਰ ਮਸਜਿਦ ਅਤੇ ਸ਼ਹਿਰ ਦੇ ਬਾਹਰੀ ਹਿੱਸੇ 'ਚ ਲਿਨਵੁੱਡ ਮਸਜਿਦ 'ਤੇ ਗੋਲੀਬਾਰੀ ਕਰ ਕੇ 50 ਲੋਕਾਂ ਦੀ ਮੌਤ ਦੇ ਘਾਟ ਉਤਾਰ ਦਿੱਤਾ ਸੀ।

ਉਟਾਹੂਹੂ, ਆਕਲੈਂਡ ਵਿਖੇ ਖਾਲਸੇ ਦੇ ਜਨਮ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਤੇ ਨਗਰ ਕੀਰਤਨ ਕੱਲ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜੀਲੈਂਡ ਦੇ ਉਟਾਹੂਹੂ, ਆਕਲੈਂਡ ਵਿਖੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ, ਵੱਲੋਂ ਖਾਲਸੇ ਦੇ ਜਨਮ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਕੱਲ ਯਾਨੀ 6 ਅਪ੍ਰੈਲ ਦਿਨ ਸ਼ਨੀਵਾਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਬਾਰੇ ਵਧੇਰੇ ਜਾਣਕਾਰੀ ਦਿੰਦਿਆ ਪ੍ਰਬੰਧਕਾ ਨੇ ਦੱਸਿਆ ਕਿ ਧਾਰਮਿਕ ਦੀਵਾਨ ਕੱਲ ਸਵੇਰੇ 10 ਤੋਂ 11 ਵਜੇ ਤੱਕ ਕਰਵਾਏ ਜਾਣਗੇ ਅਤੇ ਇਸੇ ਦਿਨ ਨਗਰ ਕੀਰਤਨ 11 ਤੋਂ ਬਾਅਦ ਦੁਪਹਿਰ 3 ਵਜੇ ਤੱਕ ਕੱਢਿਆ ਜਾ ਰਿਹਾ ਹੈ। ਇਸ ਧਾਰਮਿਕ ਸਮਾਗਮ ਵਿੱਚ ਗੁਰੂ ਘਰ ਦੇ ਮਹਾਨ ਰਾਗੀ-ਢਾਡੀ ਅਤੇ ਕੀਰਤਨੀ ਜੱਥੇ ਸੰਗਤਾਂ ਨਾਲ ਗੁਰ-ਸ਼ਬਦ, ਵਿਚਾਰਾਂ ਦੀ ਸਾਂਝ ਪਾਉਣਗੇ। ਪ੍ਰਬੰਧਕਾ ਵੱਲੋਂ ਸਾਰੀਆ ਹੀ ਸੰਗਤਾਂ ਨੂੰ ਹੁੰਮ-ਹੁਮਾ ਗੁਰੂ ਘਰ ਪਹੁੰਚਣ ਲਈ ਬੇਨਤੀ ਕੀਤੀ ਗਈ ਹੈ। ਪ੍ਰਬੰਧਕਾ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਨਿਊਜੀਲੈਂਡ 'ਚ ਪਿਛਲੇ ਦਿਨੀਂ ਹੋਈ ਗੋਲੀਬਾਰੀ ਦੇ ਪੀੜਿਤ ਪਰਿਵਾਰਾਂ ਲਈ ਇਸ ਸਮਾਗਮ ਦੌਰਾਨ 60 ਹਜਾਰ ਡਾਲਰ ਇਕੱਠਾ ਕੀਤਾ ਜਾਵੇਗਾ।ਇਸ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਪ੍ਰਬੰਧਕਾਂ ਵੱਲੋਂ ਸਿੱਖ ਸੰਗਤ ਨੂੰ ਬੇਨਤੀ ਕੀਤੀ ਗਈ ਹੈ ਕਿ ਨੌਜਵਾਨ ਕੇਸਰੀ ਦਸਤਾਰਾਂ ਅਤੇ ਬੀਬੀਆਂ ਕੇਸਰੀ ਚੁੰਨੀਆਂ ਸਜਾ ਕੇ ਗੁਰੂ ਘਰ ਵਿਖੇ ਪਹੁੰਚਣ। ਗੱਡੀਆਂ 'ਤੇ ਵੀ ਕੇਸਰੀ ਝੰਡੀਆਂ ਲਾਈਆਂ ਜਾਣ। ਸਥਾਨਿਕ ਪ੍ਰਸ਼ਾਸ਼ਨ ਵੱਲੋਂ ਨਗਰ ਕੀਰਤਨ ਨੂੰ ਪੂਰੀ ਸੁਰੱਖਿਆ ਮੁਹੱਈਆ ਕਰਵਾਈ ਜਾਵੇਗੀ। ਲੰਗਰ

ਦੀ ਸੇਵਾ ਜਾ ਸਮਾਗਮ ਸਬੰਧੀ ਕਿਸੇ ਵੀ ਤਰਾਂ ਦੀ ਕੋਈ ਜਾਣਕਾਰੀ ਲੈਣ ਲਈ ਦਲਜੀਤ ਸਿੰਘ ਨੂੰ +6421803512 'ਤੇ, ਰਣਵੀਰ ਸਿੰਘ ਲਾਲੀ ਨੂੰ +64274483758 'ਤੇ ਜਾਂ ਰਜਿੰਦਰ ਸਿੰਘ ਜਿੰਦੀ ਨੂੰ +6421772846 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਨਿਊਜੀਲੈਂਡ ਪ੍ਰਧਾਨ ਮੰਤਰੀ ਵੱਲੋਂ ਬੁਰਨੇਈ 'ਚ ਮੌਤ ਦੀ ਸਜਾ ਸਬੰਧੀ ਕਾਨੂੰਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ)ਨਿਊਜੀਲੈਂਡ ਪ੍ਰਧਾਨ ਮੰਤਰੀ ਜੈਸਿੰਡਾ ਆਰਡਨ ਨੇ ਬੁਰਨੇਈ 'ਚ ਹਰਾਮਕਾਰੀ ਅਤੇ ਸਮਲਿੰਗੀ ਸੈਕਸ 'ਤੇ ਮੌਤ ਦੀ ਸਜਾ ਦੇ ਕਾਨੂੰਨ ਦੀ ਸਖਤ ਸ਼ਬਦਾਂ ਵਿੱਚ ਨਖੇਧੀ ਕੀਤੀ ਹੈ।ਨਿਊਜੀਲੈਂਡ ਪ੍ਰਧਾਨ ਮੰਤਰੀ ਨੇ ਕਿਹਾ ਕਿ ਨਿਊਜੀਲੈਂਡ ਨੇ ਹਮੇਸ਼ਾ ਹੀ ਅਪਰਾਧੀਆਂ ਨੂੰ ਦਿੱਤੀ ਜਾਣ ਵਾਲੀ ਮੌਤ ਦੀ ਸਜਾ ਦਾ ਵਿਰੋਧ ਕੀਤਾ ਹੈ। ਆਰਡਨ ਕਿਹਾ ਕਿ ਇਸਲਾਮਿਕ ਅਪਰਾਧਿਕ ਕਾਨੂੰਨਾ ਦੇ ਅਧਾਰ ਨੂੰ ਸਮਲਿੰਗੀ ਸੈਕਸ ਦੇ ਲਈ ਦੰਡਿਤ ਕਰਨ ਦਾ ਸੁਲਤਾਨ ਦਾ ਨਿਰਣਾ ਦੋ ਵਿਸ਼ੇਸ਼ ਮੁਦਿਆਂ ਨੂੰ ਚਣੌਤੀ ਦਿੰਦਾ ਹੈ ਜਿਸ ਦਾ ਨਿਊਜੀਲੈਂਡ ਵਿਰੋਧ ਕਰਦਾ ਹੈ। ਜਿਕਰਯੋਗ ਹੈ ਕਿ ਬੁਰਨੇਈ ਵਿੱਚ ਅਗਲੇ ਹਫਤੇ ਤੋਂ ਸਮਲਿੰਗਿ ਸੈਕਸ ਦੇ ਖਿਲਾਫ ਇਕ ਸਖਤ ਸ਼ਰੀਅਤ ਕਾਨੂੰਨ ਦੇ ਤਹਿਤ ਪੱਥਰ ਮਾਰ ਕੇ ਜਾਨੋਂ ਮਾਰਨ ਦੀ ਸਜ਼ਾ ਹੋਵੇਗੀ।

ਨਿਊਜੀਲੈਂਡ ਗੋਲੀਬਾਰੀ ਦੇ ਪੀੜ੍ਹਤਾ ਲਈ ਦਾਨ ਦਾ ਆਇਆ ਹੜ, ਪੂਰੀ ਦੁਨੀਆਂ 'ਚੋਂ ਅਜੇ ਵੀ ਪਹੁੰਚ ਰਿਹੈ ਸਮਾਨ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ)ਨਿਊਜੀਲੈਂਡ 'ਚ ਕ੍ਰਾਇਸਟਚਰਚ 'ਚ ਗੋਲੀਬਾਰੀ ਦੀ ਘਟਨਾ ਤੋਂ ਬਾਅਦ ਪੀੜਤ ਪਰਿਵਾਰਾਂ ਲਈ ਪੂਰੀ ਦੁਨੀਆਂ 'ਚੋਂ ਜਰੂਰਤ ਦਾ ਸਮਾਨ ਅਜੇ ਵੀ ਪਹੁੰਚ ਰਿਹਾ ਹੈ। ਅਤੇ ਇਸ ਨੂੰ ਸੰਭਾਲਣ ਅਤੇ ਪੀੜਤਾ ਤੱਕ ਪਹੁੰਚਾਣ ਲਈ ਬਹੁਤ ਸਾਰੇ ਲੋਕ ਆਪਣਾ ਯੋਗਦਾਨ ਦੇ ਰਹੇ ਹਨ। ਇੱਕ ਵੱਡਾ ਵੇਅਰਹਾਊਸ Vicki-Anne Parker ਇਸ ਸਮਾਨ ਨੂੰ ਸੰਭਾਲ ਰਿਹਾ ਹੈ। ਇਸ ਦੇ ਪ੍ਰਬੰਧਕਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਪੂਰੀ ਦੁਨੀਆਂ 'ਚੋਂ ਅਜੇ ਵੀ ਅਜਿਹੇ ਸਮਾਨ ਦੇ ਡੱਬੇ ਮਿਲ ਰਹੇ ਹਨ ਜਿਨਾਂ ਵਿੱਚ ਪੀੜਤਾਂ ਲਈ ਖਾਣ-ਪੀਣ,ਕੱਪੜੇ ਅਤੇ ਖਿਡੌਣੇ ਹੁੰਦੇ ਹਨ।

ਕੈਲੀਫੋਰਨੀਆ ਅਸੈਂਬਲੀ ਦਾ ਇਤਿਹਾਸਿਕ ਫੈਸਲਾ, ਮਨਾਈ ਜਾਵੇਗੀ ਵਿਸਾਖੀ

ਸੈਕਰਾਮੈਂਟੋ — ਕੈਲੀਫੋਰਨੀਆ ਅਸੈਂਬਲੀ 'ਚ ਵਿਸਾਖੀ ਦਿਵਸ ਮਨਾਏ ਜਾਣ ਬਾਰੇ ਇਕ ਮਤਾ ਸਰਬ ਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ ਹੈ। ਇਸ ਮਤੇ ਨੂੰ ਅਸੈਂਬਲੀ ਮੈਂਬਰ ਐਸ਼ . ਕਾਲੜਾ ਨੇ ਪੇਸ਼ ਕੀਤਾ ਅਤੇ ਅਸੈਂਬਲੀ ਮੈਂਬਰ ਜਿਮ ਕੂਪਰ, ਅਸੈਂਬਲੀ ਮੈਂਬਰ ਬਫੀ ਵਿਕਸ, ਅਸੈਂਬਲੀ ਮੈਂਬਰ ਰੂਡੀ ਸਾਲਸ ਜੂਨੀਅਰ ਅਤੇ ਅਸੈਂਬਲੀ ਮੈਂਬਰ ਜੇਮਸ ਗਲਾਗਰ ਨੇ ਇਸ ਦੀ ਪ੍ਰੋੜਤਾ ਕੀਤੀ। ਪਹਿਲਾਂ ਅਸੈਂਬਲੀ ਮੈਂਬਰ ਐਸ਼ .ਕਾਲੜਾ ਵੱਲੋਂ ਸਿੱਖਾਂ ਦੇ ਤਿਉਹਾਰ ਵਿਸਾਖੀ ਦੀ ਇਤਿਹਾਸਕ ਮਹੱਤਤਾ

ਬਾਰੇ ਵਿਸਥਾਰ ਨਾਲ ਦੱਸਿਆ। ਇਸ ਮੌਕੇ ਸ਼੍ਰੀ ਕਾਲੜਾ ਨੇ ਕਿਹਾ ਕਿ 13 ਅਪ੍ਰੈਲ ਨੂੰ ਵਿਸਾਖੀ ਤਿਉਹਾਰ ਸਿੱਖਾਂ ਵੱਲੋਂ ਪੂਰੀ ਦੁਨੀਆ ਵਿਚ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ ਕਿਉਂਕਿ 13 ਅਪ੍ਰੈਲ, 1699 ਨੂੰ ਸਿੱਖ ਪੰਥ ਦੀ ਸਾਜਨਾ ਕੀਤੀ ਗਈ ਸੀ। ਇਸ ਦੌਰਾਨ ਇਸ ਮਤੇ ਦੀ ਪ੍ਰੋੜਤਾ ਕਰਨ ਵਾਲੇ ਸਮੁੱਚੇ ਅਸੈਂਬਲੀ ਮੈਂਬਰਾਂ ਨੇ ਵਿਸਾਖੀ ਬਾਰੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ ਅਤੇ ਖਾਸ ਕਰਕੇ ਅਮਰੀਕਾ ਵਿਚ ਰਹਿੰਦੇ ਸਿੱਖਾਂ ਦੀ ਤਾਰੀਫ ਕੀਤੀ। ਇਹ ਮਤਾ 100 ਫੀਸਦੀ ਵੋਟਾਂ ਨਾਲ ਪਾਸ ਕਰ ਦਿੱਤਾ ਗਿਆ। ਇਸ ਉਪਰੰਤ ਇਕ ਵੱਖਰੇ ਹਾਲ ਕਮਰੇ ਵਿਚ ਬਹੁਤ ਸਾਰੇ ਅਸੈਂਬਲੀ ਮੈਂਬਰ ਪਹੁੰਚੇ, ਜਿੱਥੇ ਉਨ੍ਹਾਂ ਨੂੰ ਦਸਤਾਰਾਂ ਸਜਾਈਆਂ ਗਈਆਂ। ਇਸ ਮੌਕੇ ਕੈਲੀਫੋਰਨੀਆ ਭਰ ਤੋਂ ਸਿੱਖ ਆਗੂ ਹਾਜ਼ਰ ਸਨ, ਜਿਨ੍ਹਾਂ ਵਿਚ ਹੋਰਨਾਂ ਤੋਂ ਇਲਾਵਾ ਹਰਬੀਰ ਕੌਰ ਭਾਟੀਆ, ਮਨਮੀਤ ਸਿੰਘ 'ਮੈਨੀ' ਗਰੇਵਾਲ, ਬੌਬੀ ਸਿੰਘ ਐਲਨ, ਗੁਰਜਤਿੰਦਰ ਸਿੰਘ ਰੰਧਾਵਾ, ਕਰਮਜੀਤ ਸਿੰਘ ਬੈਂਸ, ਦਲਜੀਤ ਸਿੰਘ ਸੰਧੂ, ਡਾ. ਜਸਬੀਰ ਸਿੰਘ ਕੰਗ ਵੀ ਹਾਜ਼ਰ ਸਨ। ਇਸ ਸਮਾਗਮ ਦੀ ਜੋਇ ਆਫ ਸੇਵਾ, ਸਿਲੀਕਾਨ ਸੇਜ ਕਮਿਊਨਿਟੀ, ਸੈਨਹੋਜ਼ੇ ਸਥਿਤ ਗੁਰਦੁਆਰਾ ਸਾਹਿਬ ਅਤੇ ਏਕ ਓਂਕਾਰ ਬ੍ਰਿਜਸ ਵੱਲੋਂ ਮਦਦ ਕੀਤੀ ਗਈ ਸੀ।

ਵਿਸ਼ਵ ਕੱਪ ਲਈ ਨਿਊਜ਼ੀਲੈਂਡ ਨੇ ਕੀਤਾ ਟੀਮ ਦਾ ਐਲਾਨ, ਇਸ ਖਤਰਨਾਕ ਖਿਡਾਰੀ ਨੂੰ ਨਹੀਂ ਮਿਲੀ ਜਗ੍ਹਾ

ਆਈ. ਸੀ. ਸੀ. ਵਿਸ਼ਵ ਕੱਪ ਲਈ ਨਿਊਜ਼ੀਲੈਂਡ ਨੇ 15 ਮੈਂਬਰੀ ਟੀਮ ਦਾ ਐਲਾਨ ਕਰ ਦਿੱਤਾ ਹੈ। ਟੀਮ 'ਚ ਜਿੱਥੇ ਨਵੇਂ ਖਿਡਾਰੀ ਟਾਮ ਬਲੰਡੇਲ ਨੂੰ ਜਗ੍ਹਾ ਦਿੱਤੀ ਗਈ ਹੈ। ਉਥੇ ਹੀ, ਈਸ਼ ਸੋਡੀ ਆਪਣੀ ਪਿੱਛਲੀ ਪਰਫਾਰਮੈਨਸ ਦੇ ਚਲਦੇ ਟਾਡ ਐਸਟਲ ਨੂੰ ਰਿਪਲੇਸ ਕਰਨ 'ਚ ਕਾਮਯਾਬ ਰਹੇ ਹਨ। ਇਸ ਮੈਜੂਦਾ ਟੀਮ 'ਚ ਖਤਰਨਾਕ ਆਲ ਰਾਊਂਡਰ ਖਿਡਾਰੀ ਕੋਰੀ ਐਂਡਰਸਨ ਨੂੰ ਜਗ੍ਹਾ ਨਹੀਂ ਦਿੱਤੀ ਗਈ ਹੈ। ਨਿਊਜ਼ੀਲੈਂਡ ਇਕ ਜੂਨ ਨੂੰ ਸ਼੍ਰੀਲੰਕਾ ਦੇ ਖਿਲਾਫ ਆਪਣੇ ਅਭਿਆਨ ਦੀ ਸ਼ੁਰੂਆਤ ਕਰੇਗਾ। ਰਾਸ ਟੇਲਰ ਚੌਥਾ ਵਿਸ਼ਵ ਕੱਪ ਖੇਡਣ ਵਾਲੇ 7ਵੇਂ ਕੀਵੀ ਖਿਡਾਰੀ ਹੋਣਗੇ। ਕੇਨ ਵਿਲੀਅਮਸਨ ਤੇ ਰਾਸ ਟੇਲਰ ਦੀ ਖ਼ੁਰਾਂਟ ਜੋੜੀ ਟੀਮ ਲਈ ਮੀਲ ਦਾ ਪੱਥਰ ਸਾਬਤ ਹੋਵੇਗੀ ਜਦਕਿ ਵਿਲੀਅਮਸਨ, ਟਿਮ ਸਾਉਥੀ ਤੇ ਮਾਰਟਿਨ ਗੁਪਟਿਲ ਆਪਣੇ ਤੀਜੇ ਸਥਾਨ 'ਤੇ ਰਹਿਣਗੇ। ਬੋਲਟ, ਮੈਟ ਹੈਨਰੀ ਤੇ ਸਪੀਡਸਟਰ ਲਾਕੀ ਫਰਗਿਊਸਨ ਨੂੰ ਤੇਜ਼ ਗੇਂਦਬਾਜ਼ ਦੇ ਤੌਰ 'ਤੇ ਜਗ੍ਹਾ ਮਿਲੀ ਹੈ

Book your Classified
Matrimonial ads
in a newspaper
The true picture of your local community
NZ ਤਸਵੀਰ NEWS
Wanted Groom
SUITABLE Match for very beautiful, fair, slim, Jat girl (Gotra Kadian Dangi Dalal) 23/ 5'-7", Pursuing M.A. English, B.Ed., Haryanvi Jat boy settled
Suitable Match for Hindu Sethi (Khatri) Girl (Non-Manglik) MA. Fair. Slim, Beautiful, 5'-3", September 13, 1987 (1:40 AM/ Chandigarh). High
Wanted Bride
Gaur Brahmin Nim 26/ 5'8 Bel 8- Lpa Working P (local) Maharashtra Seeks Working Girl Pref. 9033XXXXXX, 941XXXXXX
Vinod jalan, dob: 05.06.1980, time: 7.05 pm, 5'10" fair, bansal, senior software engineer, 9lakh baran : 90XXXXXXXX,
09 390 4644
Read Daily News www.nztasveernews.co.nz